# ਸੇਵਕ ਦੀ ਕਹਾਣੀ

**ਸਿਮਰਤ ਜੱਜ**

ਪਹਿਲੇ ਬੱਚੇ ਸਮੇਂ ਗਰਭਵਤੀ ਹੋਣ ਬਾਰੇ ਜਦੋਂ ਮੈਨੂੰ ਪਤਾ ਲੱਗਾ ਤਾਂ ਮੈਨੂੰ ਬੜਾ ਚਾਅ ਸੀ। ਪੰਜਾਂ ਮਹੀਨਿਆਂ ਦੇ ਗਰਭ ਸਮੇਂ ਮੇਰੇ ਡਾਕਟਰ ਨੇ ਮੈਨੂੰ ਦੱਸਿਆ ਕਿ ਗਰਭ ਦੀ ਮਿਆਦ ਮੁਤਾਬਕ ਮੇਰਾ ਬੱਚਾ ਕਾਫੀ ਛੋਟਾ ਹੈ। ਮੈਨੂੰ ਦੱਸਿਆ ਗਿਆ ਕਿ ਮੇਰਾ ਪੁੱਤਰ ਕੁੱਝ ਚੁਣੌਤੀਆਂ ਨਾਲ ਜਨਮ ਲਵੇਗਾ ਪਰ ਮੈਂ ਇਸ ਗੱਲ ਦੀ ਕਦੇ ਵੀ ਕਲਪਨਾ ਨਹੀਂ ਕੀਤੀ ਸੀ ਕਿ ਇਨ੍ਹਾਂ ਚੁਣੌਤੀਆਂ ਵਿੱਚੋਂ ਇਕ ਚੁਣੌਤੀ ਸੁਣਨ ਸ਼ਕਤੀ ਦੀ ਘਾਟ ਹੋਵੇਗੀ। ਸੇਵਕ ਦਾ ਜਨਮ 37 ਹਫਤਿਆਂ ਦੇ ਗਰਭ ਸਮੇਂ ਹੋਇਆ ਅਤੇ ਉਸ ਸਮੇਂ ਉਸ ਦਾ ਭਾਰ 4 ਪੌਂਡ 9 ਔਂਸ ਸੀ। ਉਸ ਨੂੰ ਕਨਜੈਨੀਟਲ ਡਾਇਆਫਰਾਮੈਟਿਕ ਹਰਨੀਆ (ਸੀ ਡੀ ਐੱਚ) ਸੀ। ਉਸ ਨੇ 2 ਮਹੀਨੇ ਐੱਨ ਆਈ ਸੀ ਯੂ (ਨਿਊ ਨੇਟਲ (ਨਵਜੰਮੇ ਬੱਚਿਆਂ ਲਈ) ਇਨਟੈਨਸਿਵ ਕੇਅਰ ਯੂਨਿਟ) ਵਿੱਚ ਬਿਤਾਏ ਅਤੇ ਹਸਤਪਾਲ ਤੋਂ ਆਉਣ ਤੋਂ ਕੁੱਝ ਦਿਨ ਪਹਿਲਾਂ ਉਸ ਦੀ ਸੁਣਨ ਸ਼ਕਤੀ ਦਾ ਟੈੱਸਟ ਕੀਤਾ ਗਿਆ। ਉਹ ਉਸ ਵਿੱਚੋਂ “ਪਾਸ” ਨਹੀਂ ਹੋਇਆ ਅਤੇ ਮੈਨੂੰ ਦੱਸਿਆ ਗਿਆ ਕਿ ਸੀ ਡੀ ਐੱਚ ਵਾਲੇ ਕਾਫੀ ਬੱਚਿਆਂ ਵਿੱਚ ਕੁੱਝ ਹੱਦ ਤੱਕ ਸੁਣਨ ਸ਼ਕਤੀ ਦੀ ਘਾਟ ਹੁੰਦੀ ਹੈ। ਸਾਨੂੰ ਘਰ ਭੇਜ ਦਿੱਤਾ ਗਿਆ ਅਤੇ ਸੀਡੇਟਿਡ ਏ ਬੀ ਆਰ (ਆਡਿਟਰੀ ਬਰੇਨਸਟੈਮ ਰਿਸਪਾਂਸ) ਦਾ ਟੈੱਸਟ ਕਰਨ ਲਈ ਸਾਡੀ ਇਕ ਮਹੀਨੇ ਬਾਅਦ ਦੀ ਅਪੁਆਇੰਟਮੈਂਟ ਬਣਾਈ ਗਈ।

ਏ ਬੀ ਆਰ ਸਮੇਂ ਸੇਵਕ 3 ਮਹੀਨਿਆਂ ਦਾ ਸੀ। ਉਸ ਸਮੇਂ ਸਾਨੂੰ ਪਤਾ ਲੱਗਾ ਕਿ ਉਸ ਦੇ ਦੋਹਾਂ ਕੰਨਾਂ ਵਿੱਚ ਦਰਮਿਆਨੀ-ਗੰਭੀਰ ਸੁਣਨ ਸ਼ਕਤੀ ਦੀ ਘਾਟ ਹੈ। ਮੈਨੂੰ ਇਸ ਦੀ ਸਮਝ ਨਾ ਆਈ। ਆਡਿਓਲੌਜਿਸਟ ਨੇ ਸਾਨੂੰ ਕਈ ਪੈਂਫਲਿਟ ਦਿੱਤੇ ਅਤੇ ਉਥੋਂ ਆਉਣ ਸਮੇਂ ਅਸੀਂ ਅਸਪਸ਼ਟ ਜਿਹੇ ਮਹਿਸੂਸ ਕਰ ਰਹੇ ਸੀ ਅਤੇ ਸੋਚ ਰਹੇ ਸੀ ... ਕਿ ਹੁਣ ਕੀ ਹੋਵੇਗਾ?

ਮੈਂ ਕੁਝ ਕਰਨ ਲਈ ਉਤਾਵਲੀ ਸੀ, ਇਸ ਲਈ ਜਦੋਂ ਹੀ ਮੈਂ ਘਰ ਪਹੁੰਚੀ, ਮੈਂ (ਕਿਸੇ ਹੋਰ ਨੂੰ ਦੱਸਣ ਤੋਂ ਪਹਿਲਾਂ) ਫੋਨ ਚੁੱਕ ਕੇ ਮਿਲਣ ਵਾਲੇ ਵੱਖ ਵੱਖ ਪ੍ਰੋਗਰਾਮਾਂ ਬਾਰੇ ਜਾਣਕਾਰੀ ਲੈਣੀ ਸ਼ੁਰੂ ਕਰ ਦਿੱਤੀ। ਜਦੋਂ ਮੈਂ ਆਪਣੇ ਪਰਿਵਾਰ ਨੂੰ ਇਹ ਖਬਰ ਦੱਸੀ, ਤਾਂ ਉਹਨਾਂ ਨੂੰ ਵੱਡਾ ਸਦਮਾ ਲੱਗਾ ਅਤੇ ਉਹਨਾਂ ਕੁੱਝ ਇਸ ਤਰ੍ਹਾਂ ਦੀਆਂ ਗੱਲਾਂ ਕਹੀਆਂ, “ਚਿੰਤਾ ਨਾ ਕਰ, ਉਹ ਹੌਲੀ ਹੌਲੀ ਸੁਣਨ ਲੱਗ ਪਵੇਗਾ,” ਜਦੋਂ ਕਿ ਮੈਨੂੰ ਪਤਾ ਸੀ ਕਿ ਉਹ ਸੁਣਨ ਨਹੀਂ ਲੱਗੇਗਾ। ਸ਼ੁਰੂ ਸ਼ੁਰੂ ਵਿੱਚ ਮੈਂ ਕਈ ਵਾਰ ਸੋਚਿਆ ਕਿ ਹੋ ਸਕਦਾ ਹੈ ਕਿ ਮਸ਼ੀਨ ਵਿੱਚ ਕੋਈ ਖਰਾਬੀ ਹੋਵੇ, ਪਰ ਮੈਨੂੰ ਪਤਾ ਸੀ ਕਿ ਅਜਿਹਾ ਨਹੀਂ ਹੈ। ਸਮੇਂ ਦੇ ਬੀਤਣ ਨਾਲ ਮੈਂ ਨੋਟਿਸ ਕਰਨਾ ਸ਼ੁਰੂ ਕੀਤਾ ਕਿ ਸੇਵਕ ਦੀ ਅਵਾਜ਼ਾਂ ਵਿੱਚ ਦਿਲਚਸਪੀ ਨਹੀਂ ਹੈ। ਮੈਂ ਘਰ ਵਿੱਚ ਰੌਲਾ ਪਾਇਆ, ਫਿਰ ਵੀ ਉਸ ਵਲੋਂ ਕੋਈ ਪ੍ਰਤੀਕਰਮ ਨਾ ਹੋਇਆ। ਹਕੀਕਤ ਸਮਝ ਆਉਣ ਲੱਗੀ ਅਤੇ ਉਸ ਵੇਲੇ ਮੈਂ ਸੱਚਮੁੱਚ ਮਹਿਸੂਸ ਕੀਤਾ ਕਿ ਇਹ ਯਕੀਨੀ ਬਣਾਉਣ ਲਈ ਕਿ ਮੇਰੇ ਬੱਚੇ ਨੂੰ ਬਾਹਰਲੀ ਕਮਿਊਨਿਟੀ ਅਤੇ ਮੇਰੇ ਪਰਿਵਾਰ ਤੋਂ ਹਰ ਸੰਭਵ ਸਹਾਇਤਾ ਮਿਲੇ, ਮੈਨੂੰ ਆਪਣੇ ਵੱਸ ਵਿਚਲੀ ਹਰ ਚੀਜ਼ ਕਰਨ ਦੀ ਲੋੜ ਹੈ। ਮੈਨੂੰ ਮਾਈ ਟਰਨ ਟੂ ਲਰਨ ਕਿਤਾਬ ਦਾ ਪੰਜਾਬੀ ਰੂਪ (ਸਿੱਖਣ ਦੀ ਮੇਰੀ ਵਾਰੀ) ਆਪਣੇ ਪਰਿਵਾਰ ਨਾਲ ਸਾਂਝਾ ਕਰਨ ਨਾਲ ਬਹੁਤ ਮਦਦ ਮਿਲੀ।

ਮੈਂ ਕਾਫੀ ਡਰੀ ਹੋਈ ਸੀ ਕਿਉਂਕਿ ਸਾਡੇ ਪਰਿਵਾਰ ਵਿੱਚ ਕਿਸੇ ਵਿੱਚ ਵੀ ਸੁਣਨ ਸ਼ਕਤੀ ਦੀ ਘਾਟ ਨਹੀਂ ਸੀ। ਨਾ ਹੀ ਅਸੀਂ ਕਦੇ ਕਿਸੇ ਬੋਲੇ ਜਾਂ ਉੱਚਾ ਸੁਣਨ ਵਾਲੇ ਵਿਅਕਤੀ ਨੂੰ ਮਿਲੇ ਸੀ। ਮੈਨੂੰ ਫੈਸਲੇ ਲੈਣੇ ਸ਼ੁਰੂ ਕਰਨੇ ਪੈਣੇ ਸਨ। ਸੇਵਕ ਲਈ ਉਪਲਭਧ ਪ੍ਰੋਗਰਾਮਾਂ ਨੂੰ ਜਾ ਕੇ ਦੇਖਣ ਤੋਂ ਬਾਅਦ ਮੈਂ ਉਹ ਪ੍ਰੋਗਰਾਮ ਚੁਣਿਆ ਜਿਹੜਾ ਮੇਰੇ ਪਰਿਵਾਰ ਲਈ ਸਭ ਤੋਂ ਵਧੀਆ ਜਾਪਦਾ ਸੀ। ਮੈਂ ਇਕ ਗਰੁੱਪ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਉਤਾਵਲੀ ਸੀ ਜਿੱਥੇ ਮੈਨੂੰ ਦੂਸਰੇ ਪਰਿਵਾਰਾਂ ਨੂੰ ਮਿਲਣ ਦਾ ਮੌਕਾ ਮਿਲੇ। ਮੈਂ ਕਈ ਮਾਂਵਾਂ ਨੂੰ ਮਿਲੀ ਜਿਹਨਾਂ ਦੇ ਬੱਚਿਆਂ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਦੀ ਸੁਣਨ-ਸ਼ਕਤੀ ਦੀ ਘਾਟ ਸੀ... ਅਤੇ ਮੈਂ ਇਕੱਲਿਆਂ ਹੋਣਾ ਮਹਿਸੂਸ ਨਾ ਕੀਤਾ! ਅੰਤ ਨੂੰ 3 1/2 ਮਹੀਨਿਆਂ ਦਾ ਹੋਣ ’ਤੇ ਸੇਵਕ ਦੇ ਹੀਅਰਿੰਗ ਏਡਾਂ ਲੱਗ ਗਈਆਂ। ਜਦੋਂ ਮੈਂ ਆਪਣੇ 3 1/2 ਮਹੀਨਿਆਂ ਦੇ ਬੱਚੇ ਨੂੰ ਪਹਿਲੀ ਵਾਰ ਉੱਚੀ ਹਸਦਿਆਂ ਸੁਣਿਆ ਤਾਂ ਮੇਰੀਆਂ ਅੱਖਾਂ ਵਿੱਚ ਹੰਝੂ ਆ ਗਏ! ਉਸ ਵੇਲੇ ਮੈਂ ਫੈਸਲਾ ਕੀਤਾ ਕਿ ਮੇਰਾ ਬੱਚਾ ਵੱਧ ਤੋਂ ਵੱਧ ਚੰਗੀ ਜ਼ਿੰਦਗੀ ਜਿਉਣ ਦਾ ਅਧਿਕਾਰੀ ਹੈ ਅਤੇ ਸਭ ਕੁਝ ਠੀਕ ਹੋ ਜਾਵੇਗਾ।

ਮੈਂ ਆਪਣੇ ਆਪ ਇਹ ਸੋਚਦੀ ਹੁੰਦੀ ਸੀ, “ਮੈਂ ਸੇਵਕ ਦੇ ਹੀਅਰਿੰਗ ਏਡਾਂ ਲੱਗੀਆਂ ਕਿਵੇਂ ਰੱਖ ਸਕਾਂਗੀ?”, “ਜੇ ਬੈਟਰੀਆਂ ਮੁੱਕ ਗਈਆਂ ਤਾਂ ਕੀ ਹੋਵੇਗਾ?” ਜਾਂ “ਜੇ ਉਹ ਖਰਾਬ ਹੋ ਗਈਆਂ ਤਾਂ ਮੈਂ ਕੀ ਕਰਾਂਗੀ?” ਨਵੇਂ ਨਵੇਂ ਸਵਾਲ ਪੈਦਾ ਹੁੰਦੇ ਸਨ! ਪਿੱਛੇ ਨੂੰ ਦੇਖਦਿਆਂ ਮੈਂ ਕਹਿ ਸਕਦੀ ਹਾਂ ਕਿ ਮੈਂ ਏਨਾ ਜ਼ਿਆਦਾ ਡਰੀ ਹੋਈ ਸੀ ਕਿ ਮੈਂ ਕੋਈ ਗਲਤੀ ਕਰ ਦੇਵਾਂਗੀ। ਹੁਣ ਮੈਂ ਇਸ ਸਭ ਬਾਰੇ ਆਪਣੇ ਆਪ ਨੂੰ ਵੱਡੀ ਮਾਹਰ ਸਮਝਦੀ ਹਾਂ ਅਤੇ ਇਹ ਸਿਰਫ ਸਾਡੀ ਜ਼ਿੰਦਗੀ ਦਾ ਇਕ ਹਿੱਸਾ ਹੈ। ਨਿਸ਼ਚੇ ਹੀ ਇਹ ਉਨਾ ਔਖਾ ਨਹੀਂ ਹੈ ਜਿੰਨਾ ਮੈਂ ਸਮਝਦੀ ਸੀ! ਸੱਚੀਂ ਹੀ ਇਹ ਸਮਾਂ ਬੀਤਣ ਨਾਲ ਹੋਰ ਸੌਖਾ ਹੋ ਗਿਆ ਹੈ।

ਸੀ ਡੀ ਐੱਚ ਕਾਰਨ ਸੇਵਕ ਲਈ ਕੁਝ ਵਧੀਕ ਚੁਣੌਤੀਆਂ ਹੋਣ ਦੇ ਬਾਵਜੂਦ ਉਸ ਨੂੰ ਹੀਅਰਿੰਗ ਏਡਾਂ ਤੋਂ ਬਹੁਤ ਫਾਇਦਾ ਹੁੰਦਾ ਹੈ। 2 ਸਾਲਾਂ ਦਾ ਹੋਣ ਤੋਂ ਥੋੜ੍ਹਾ ਚਿਰ ਪਹਿਲਾਂ ਉਸ ਵਿੱਚ ਰੈਟੀਨਲ ਡਿਟੈਚਮੈਂਟ ਹੋਣ ਦਾ ਪਤਾ ਲੱਗਾ, ਉਸ ਸਮੇਂ ਮੈਂ ਮਹਿਸੂਸ ਕੀਤਾ ਕਿ ਸਾਡੇ ਸਾਹਮਣੇ ਪਾਰ ਕਰਨ ਲਈ ਇਕ ਹੋਰ ਅੜਿੱਕਾ ਆ ਗਿਆ ਹੈ। ਉਸ ਦੇ ਕਈ ਗਰੁੱਪ ਪ੍ਰੋਗਰਾਮਾਂ ਰਾਹੀਂ ਉਸ ਦੇ ਪਹਿਲੇ ਸਾਲ ਸਾਡੇ ਲਈ ਕਾਫੀ ਅਸਚਰਜ ਭਰਪੂਰ ਰਹੇ ਹਨ ਅਤੇ ਸੇਵਕ ਲਗਾਤਾਰ ਤਰੱਕੀ ਕਰ ਰਿਹਾ ਹੈ। ਦੂਸਰੇ ਪਰਿਵਾਰਾਂ ਨਾਲ ਜੁੜਨਾ ਅਤੇ ਸ਼ੁਗਲ ਲਈ ਉਪਲਭਧ ਬਹੁਤ ਸਾਰੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਸਾਡੇ ਹੁਣ ਤੱਕ ਦੇ ਸਫਰ ਦਾ ਸਭ ਤੋਂ ਵਧੀਆ ਹਿੱਸਾ ਰਿਹਾ ਹੈ।

ਸਾਰੀਆਂ ਸੇਵਾਵਾਂ ਅਤੇ ਮਦਦਾਂ ਨਾਲ ਅਸੀਂ ਸੇਵਕ ਨੂੰ ਜਿੰਨਾ ਵਧੀਆ ਤੋਂ ਵਧੀਆਂ ਜੀਵਨ ਦੇ ਸਕਦੇ ਸੀ, ਉਨਾ ਵਧੀਆ ਜੀਵਨ ਦੇਣ ਵਿੱਚ ਕਾਮਯਾਬ ਹੋਏ ਹਾਂ। ਹੁਣ ਉਹ ਐਲੀਮੈਂਟਰੀ ਸਕੂਲ ਵਿੱਚ ਹੈ ਅਤੇ ਚੰਗੀ ਤਰ੍ਹਾਂ ਅੱਗੇ ਵੱਧ ਰਿਹਾ ਹੈ। ਸ਼ਾਇਦ ਉਹ ਆਪਣੀ ਕਲਾਸ ਵਿੱਚ ਆਪਣੇ ਸਾਥੀਆਂ ਨਾਲ ਹੱਸਦਾ ਅਤੇ ਖੇਡਦਾ ਸਭ ਤੋਂ ਵੱਧ ਹਰਮਨ ਪਿਆਰਾ ਬੱਚਾ ਹੈ! ਉਸ ਨੇ ਇਕ ਲੰਮਾ ਸਫਰ ਤੈਅ ਕੀਤਾ ਹੈ ਅਤੇ ਆਪਣੀਆਂ ਚੁਣੌਤੀਆਂ ਦੇ ਬਾਵਜੂਦ ਉਹ ਆਪਣੀਆਂ ਯੋਗਤਾਵਾਂ ਨਾਲ ਸਾਨੂੰ ਹੈਰਾਨ ਕਰ ਰਿਹਾ ਹੈ। ਸਾਨੂੰ ਆਪਣੇ ਨਿਕਚੂ ਬੱਚੇ ’ਤੇ ਬਹੁਤ ਮਾਣ ਹੈ!